# ਯਿਸੂ ਦੇ ਆਉਣ ਤੋਂ ਪਹਿਲਾਂ ਲੋਕਾਂ ਪਰਮੇਸ਼ੁਰ ਦੀ ਅਰਾਧਨਾ ਕੀਤੀ

**ਪ੍ਰਾਰਥਨਾ:** "ਪਿਆਰੇ ਪ੍ਰਭੂ, ਇਸ ਪਾਠ ਨੂੰ ਬੱਚਿਆਂ ਨੂੰ ਤੇਰੀ ਅਰਾਧਨਾ ਸੱਚੇ ਦਿਲ ਨਾਲ ਕਰਨ ਵਿੱਚ ਮਦਦ ਕਰਨ ਲਈ ਪ੍ਰਯੋਗ ਕਰ।"

ਕਿਸੇ ਵੱਡੇ ਬੱਚੇ ਜਾਂ ਬਾਲਗ ਨੂੰ **2 ਇਤਿਹਾਸ 5** ਵਿੱਚੋਂ ਪੜ੍ਹਨ ਜਾਂ ਦੱਸਣ ਦਿਓ ਕਿ ਪ੍ਰਾਚੀਨ ਇਸਰਾਏਲੀਆਂ ਨੇ ਉਨ੍ਹਾਂ ਦੇ ਨਵੇਂ ਭਵਨ ਵਿੱਚ ਕਿਵੇਂ ਅਰਾਧਨਾ ਕੀਤੀ?


ਫਿਰ ਇਨ੍ਹਾਂ **ਪ੍ਰਸ਼ਨਾਂ** ਨੂੰ ਪੁੱਛੋ:

- ਯਰੂਸ਼ਲਮ ਵਿੱਚ ਸੁਲੇਮਾਨ ਨੇ ਪਵਿੱਤਰ ਉਤਸਵ ਵਿੱਚ ਕਿਸਨੂੰ ਸੱਦਾ ਦਿੱਤਾ? (*ਉੱਤਰ: ਆਇਤ 3 ਵੇਖੋ* )
- ਉਨ੍ਹਾਂ ਕਿਸਦੀ ਕੁਰਬਾਨੀ ਦਿੱਤੀ? (*ਆਇਤ 6*)
- ਸਭ ਤੋਂ ਪਵਿੱਤਰ ਸਥਾਨ ਵਿੱਚ ਕਰੂਬੀਆਂ ਦੇ ਖੰਭਾਂ ਹੇਠਾਂ ਕੀ ਸੀ? (*ਆਇਤ 7*)
- ਨੇਮ ਦੇ ਸੰਦੂਕ ਅੰਦਰ ਕੀ ਸੀ? (*ਆਇਤ 10*)



- ਜਾਜਕਾਂ ਅਤੇ ਲੇਵੀਆਂ ਨੇ ਕਿਵੇਂ ਯਹੋਵਾਹ ਦੀ ਉਸਤਤ ਕੀਤੀ? (*12 ਅਤੇ 13 ਆਇਤ*)
- ਜਦੋਂ ਜਾਜਕਾਂ ਨੇ ਯਹੋਵਾਹ ਦੀ ਉਸਤਤ ਕੀਤੀ ਤਾਂ ਕਿਸ ਨਾਲ ਭਰ ਗਿਆ? (*ਆਇਤ 13*)

**ਦੱਸੋ** ਕਿ ਯਿਸੂ ਆਇਆ ਅਤੇ ਉਸਨੇ ਸਾਡੇ ਅੰਦਰ ਵਾਸ ਕਰਨ ਲਈ ਆਪਣਾ ਪਵਿੱਤਰ ਆਤਮਾ ਭੇਜਿਆ, ਪਰਮੇਸ਼ੁਰ ਦੀ ਹਜ਼ੂਰੀ ਇਕੋ ਹੀ ਭਵਨ ਵਿੱਚ ਨਹੀਂ ਵਾਸ ਕਰਦ, ਪਰ ਇਹ ਉਸਦੇ ਸਾਰੇ ਲੋਕਾਂ ਦੇ ਦਿਲਾਂ ਵਿੱਚ ਹੈ। ਜਾਨਵਰਾਂ ਦੀਆਂ ਕੁਰਬਾਨੀਆਂ ਯਿਸੂ ਦਾ ਪ੍ਰਤੀਕ ਸਨ। ਅਸੀਂ ਅੱਜ ਜਾਨਵਰਾਂ ਨੂੰ ਕੁਰਬਾਨ ਨਹੀਂ ਕਰਦੇ, ਕਿਉਂਕਿ ਯਿਸੂ ਪਰਮੇਸ਼ੁਰ ਦਾ ਲੇਲਾ ਹੈ, ਜਿਹੜੇ ਸਾਡੇ ਸਾਰੇ ਪਾਪਾਂ ਨੂੰ ਚੁੱਕ ਲੈ ਗਿਆ।



### ਗਤੀਵਿਧੀ

ਬੱਚਿਆਂ ਨੂੰ ਇਸਰਾਇਲ ਦੇ ਪ੍ਰਾਚੀਨ ਤਰੀਕਿਆਂ ਦਾ ਜ਼ਿਕਰ ਕਰਨ ਦਿਓ, ਜਿਨ੍ਹਾਂ ਨਾਲ ਉਨ੍ਹਾਂ ਪਰਮੇਸ਼ੁਰ ਦੀ ਅਰਾਧਨਾ ਕੀਤੀ। ਫਿਰ ਉਨ੍ਹਾਂ ਤਰੀਕਿਆਂ ਨੂੰ ਅੱਜ ਜਿਵੇਂ ਅਸੀਂ ਅਰਾਧਨਾ ਕਰਦੇ ਹਾਂ ਉਨ੍ਹਾਂ ਨਾਲ ਤੁਲਨਾ ਕਰੋ। ਉਦਾਹਰਣਾ:

- ਇਸਰਾਏਲੀਆਂ ਕੋਲ ਦੁਨਿਆਵੀ ਭਵਨ ਸੀ, ਜਿਹੜਾ ਪੱਥਰਾਂ ਅਤੇ ਨਿਰਰਥਕ ਪਦਾਰਥ ਦਾ ਬਣਿਆ ਹੋਇਆ ਸੀ, ਪਰ ਅੱਜ ਅਸੀਂ ਕਿਤੇ ਵੀ ਅਰਾਧਨਾ ਕਰਦੇ ਹਾਂ।
- ਇਸਰਾਏਲੀਆਂ ਦਾ ਨੇਮ ਦਾ ਸੰਦੂਕ ਪਰਮੇਸ਼ੁਰ ਦੀ ਹਜ਼ੂਰੀ ਦਾ ਪ੍ਰਤੀਕ ਸੀ, ਪਰ ਅੱਜ ਪਰਮੇਸ਼ੁਰ ਸਾਡੇ ਵਿੱਚ ਵਾਸ ਕਰਦਾ ਹੈ।
- ਇਸਰਾਏਲੀ ਜਾਨਵਰਾਂ ਦੀਆਂ ਕੁਰਬਾਨੀਆਂ ਕਰਦੇ ਸਨ, ਪਰ ਅੱਜ ਸਾਡੇ ਕੋਲ ਪ੍ਰਭੂ ਭੋਜ ਵਿੱਚ ਮਸੀਹ ਦੀ ਦੇਹ ਹੈ।



- ਇਸਰਾਏਲੀਆਂ ਨੇ ਭੇਟਾਂ ਅਤੇ ਸਾਜਾਂ ਨਾਲ ਪਰਮੇਸ਼ੁਰ ਦੀ ਉਸਤਤ ਕੀਤੀ, ਜਿਨ੍ਹਾਂ ਦਾ ਪ੍ਰਯੋਗ ਅਸੀਂ ਵੀ ਕਰਦੇ ਹਾਂ।
- ਇਸਰਾਏਲੀਆਂ ਨੇ ਮੂਰਤੀਆਂ ਅਤੇ ਭਰਿਸ਼ਟ ਆਤਮਾਵਾਂ ਨੂੰ ਨਜ਼ਰ ਅੰਦਾਜ ਕੀਤਾ, ਜਿਨ੍ਹਾਂ ਨੂੰ ਅਸੀਂ ਵੀ ਨਜ਼ਰ ਅੰਦਾਜ ਕਰਦੇ ਹਾਂ।

## ਨਾਟਕ

2 ਇਤਹਾਸ 5 ਵਿੱਚੋਂ ਭਵਨ ਦੇ ਸਮਰਪਿਤ ਕੀਤੇ ਜਾਣ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ:

- ਅਰਾਧਨਾ ਕਰਨ ਵਾਲੇ ਆਗੂਆਂ ਨਾਲ ਮਿਲਕੇ ਬੱਚਿਆਂ ਨੂੰ ਉਨ੍ਹਾਂ ਦਾ ਨਾਟਕ ਜਾਂ ਇਸਦੇ ਕੁਝ ਹਿੱਸੇ ਪੇਸ਼ ਕਰਨ ਲਈ ਪ੍ਰਬੰਧ ਕਰੋ।
- ਵੱਡੇ ਬੱਚਿਆਂ ਨੂੰ, ਛੋਟੇ ਬੱਚਿਆਂ ਨੂੰ, ਉਨ੍ਹਾਂ ਦੇ ਭਾਗ ਦੀ ਤਿਆਰੀ ਕਰਨ ਵਿੱਚ ਮਦਦ ਕਰਨ ਦਿਓ।
- ਛੋਟੇ ਬੱਚਿਆਂ ਨੂੰ **ਜਾਜਕਾਂ** (ਚਾਰ) ਅਤੇ **ਲੇਵੀਆਂ** ਦਾ ਕਿਰਦਾਰ ਅਦਾ ਕਰਨ ਦਿਓ।
- ਵੱਡੇ ਬੱਚਿਆਂ ਜਾਂ ਬਾਲਗਾਂ ਨੂੰ ਸੁਲੇਮਾਨ, ਲੜਕੀ, ਮਾਤਾ-ਪਿਤਾ, ਪਰਮੇਸ਼ੁਰ ਦੀ ਅਵਾਜ਼ ਅਤੇ ਕਥਾਵਾਚਕ ਦਾ ਕਿਰਦਾਰ ਅਦਾ ਕਰਨ ਦਿਓ।

ਕਥਾਵਾਚਕ : 2 ਇਤਹਾਸ ਵਿੱਚੋਂ ਕਹਾਣੀ ਦਾ ਖੁਲਾਸਾ ਕਰੇ। ਫਿਰ ਕਹੇ, "ਸੁਣੋ, ਲੜਕੀ ਆਪਣੇ ਪਿਤਾ ਕੋਲੋਂ ਕੀ ਪੁੱਛਦੀ ਹੈ।"

ਲੜਕੀ : ਆਪਣੇ ਮਾਤਾ ਪਿਤਾ ਦਾ ਹੱਥ ਫੜ ਕੇ ਤੁਰੀ ਜਾਵੇ। ਕਹੇ, "ਸਾਨੂੰ ਚੱਲਦਿਆਂ ਦੋ ਦਿਨ ਹੋ ਗਏ ਹਨ। ਅਸੀਂ ਕਿੱਥੇ ਜਾ ਰਹੇ ਹਾਂ?"

ਮਾਤਾ-ਪਿਤਾ: "ਸੁਲੇਮਾਨ ਰਾਜਾ ਨੇ ਸਾਰੇ ਇਸਰਾਏਲੀਆਂ ਨੂੰ ਯਰੂਸ਼ਲਮ ਵਿੱਚ ਭਵਨ ਨੂੰ ਜਿਹੜਾ ਉਸਨੇ ਬਣਾਇਆ ਹੈ, ਸਮਰਪਿਤ ਕਰਨ ਲਈ ਸੱਦਾ ਦਿੱਤਾ ਹੈ।"

ਲੜਕੀ : "ਵੇਖੋ! ਉਹ ਜਾਜਕ ਸੋਨੇ ਨਾਲ ਢੱਕਿਆ ਵੱਡਾ ਸੰਦੂਕ ਲਈ ਜਾਂਦੇ ਹਨ!"

**ਜਾਜਕ** : ਆਪਣੇ ਮੋਢਿਆਂ ਤੇ ਦੋ ਲੰਮੇ ਥੰਮਾਂ ਦੇ ਸਿਰਿਆਂ ਨੂੰ ਚੁੱਕ ਕੇ, ਨੇਮ ਦੇ ਸੰਦੂਕ ਨੂੰ ਚੁੱਕਣ ਦਾ ਢੋਂਗ ਕਰਨ। ਦੋ ਜਣੇ ਅੱਗੇ ਚੱਲਣ ਅਤੇ ਦੋ ਜਣੇ ਉਨ੍ਹਾਂ ਦੇ ਕੁਝ ਫੁੱਟ ਪਿੱਛੇ। ਫਿਰ ਸੰਦੂਕ ਨੂੰ ਥੱਲੇ ਰੱਖਣ ਦਾ ਢੋਂਗ ਕਰੋ।

ਮਾਤਾ ਪਿਤਾ : "ਇਹ ਨੇਮ ਦਾ ਸੰਦੂਕ ਹੈ। ਇਸ ਦੇ ਵਿੱਚ ਦਸ ਹੁਕਮ ਹਨ। ਉਹ ਇਸ ਨੂੰ ਨਵੇਂ ਭਵਨ ਦੇ ਸਭ ਤੋਂ ਪਵਿੱਤਰ ਸਥਾਨ ਵਿੱਚ ਰੱਖਣਗੇ। ਇਹ ਸਾਨੂੰ ਸਰਬ ਸ਼ਕਤੀਮਾਨ ਦੀ ਹਜ਼ੂਰੀ ਬਾਰੇ ਯਾਦ ਕਰਵਾਉਂਦਾ ਹੈ।" (ਥੱਲੇ ਝੁਕੋ)।

ਲੜਕੀ : "ਉਹ ਇਸਨੂੰ ਕਦੋਂ ਖੋਲਣਗੇ?"



ਮਾਤਾ ਪਿਤਾ : "ਕਦੀ ਨਹੀਂ! ਇਕ ਵਾਰ ਇਕ ਮਨੁੱਖ ਨੇ ਇਸਨੂੰ ਛੂਹਿਆ, ਅਤੇ ਪਰਮੇਸ਼ੁਰ ਨੇ ਉਸਨੂੰ ਮਾਰ ਸੁੱਟਿਆ!"

ਲੇਵੀ : ਤੁਰੀਆਂ ਅਤੇ ਖੰਜਰੀਆਂ ਵਜਾਉਂਦੇ ਅੱਗੇ ਵੱਧਣ।

ਲੜਕੀ: "ਵੇਖੋ! ਸਾਜ਼ੀਆਂ ਕੋਲ ਤੁਰੀਆਂ ਅਤੇ ਖੰਜਰੀਆਂ ਹਨ!"

ਲੇਵੀ: ਉੱਚੀ ਅਵਾਜ਼ ਨਾਲ ਗਾਉਣ, "ਯਹੋਵਾਹ ਦੀ ਉਸਤਤ ਹੋਵੇ! ਉਹ ਦੀ ਦਯਾ ਸਦਾ ਦੀ ਹੈ!"

ਲੜਕੀ: "ਵੇਖੋ! ਪਰਮੇਸ਼ਰ ਦਾ ਭਵਨ ਬੱਦਲ ਨਾਲ ਭਰ ਗਿਆ ਹੈ! ਜਾਜਕਾਂ ਨੂੰ ਛੱਡ ਕੇ ਜਾਣਾ ਪਵੇਗਾ!"

**ਲੇਵੀ:** ਉੱਪਰ ਅਤੇ ਇੱਧਰ ਉੱਧਰ ਵੇਖਣ। ਆਪਣੇ ਹੱਥਾਂ ਨੂੰ ਖੜੇ ਕਰਕੇ ਇਵੇਂ ਤੁਰੇ ਜਾਣ ਜਿਵੇਂ ਉਹ ਅੰਨ੍ਹੇ ਹਨ।

**ਮਾਤਾ ਪਿਤਾ:** "ਯਹੋਵਾਹ ਦੇ ਪਰਤਾਪ ਨੇ ਪਰਮੇਸ਼ੁਰ ਦੇ ਭਵਨ ਨੂੰ ਭਰ ਦਿੱਤਾ ਹੈ। ਵੇਖੋ! ਸੁਲੇਮਾਨ ਰਾਜਾ ਪ੍ਰਾਰਥਨਾ ਕਰ ਰਿਹਾ ਹੈ!"

**ਸੁਲੇਮਾਨ :** ਆਪਣੇ ਹੱਥ ਸਵਰਗ ਵੱਲ ਫੈਲਾ ਕੇ ਉੱਚੀ ਅਵਾਜ਼ ਨਾਲ ਬੋਲੋ, "ਹੇ, ਇਸਰਾਏਲ ਦੇ ਪਰਮੇਸ਼ੁਰ ਮੈਂ ਸਦਾ ਤੇਰੇ ਵਾਸ ਕਰਨ ਲਈ ਵੱਡਾ ਭਵਨ ਬਣਾਇਆ ਹੈ। ਪਰ ਕੀ ਤੂੰ ਸਚਮੁੱਚ ਧਰਤੀ ਉੱਤੇ ਮਨੁੱਖਾਂ ਨਾਲ ਵਾਸ ਕਰੇਂਗਾ? ਸਗੋਂ ਸਵਰਗ ਦੀਆਂ ਉਚਾਈਆਂ ਵੀ ਤੈਨੂੰ ਸਮਾ ਨਹੀਂ ਸਕਦੀਆਂ; ਇਹ ਭਵਨ ਜਿਹੜਾ ਮੈਂ ਬਣਾਇਆ ਹੈ ਕਿੰਨਾ ਛੋਟਾ ਹੈ!"

**ਕਥਾਵਾਚਕ:** ਸਵਰਗ ਤੋਂ ਪਰਮੇਸ਼ੁਰ ਦੀ ਅਵਾਜ਼ ਉੱਤਰ ਦੇਂਦੀ ਹੈ।

**ਪਰਮੇਸ਼ੁਰ ਦੀ ਅਵਾਜ਼:** "ਮੈਂ ਇਸਰਾਏਲ ਨੂੰ ਚੁਣਿਆ ਹੈ ਤਾਂ ਕਿ ਮੇਰਾ ਨਾਮ ਹੋਵੇ। ਹੁਣ ਜੇਕਰ ਮੇਰੇ ਕੋਲ ਜਿਨ੍ਹਾਂ ਨੂੰ ਮੈਂ ਆਪਣਾ ਨਾਮ ਲੈ ਕੇ ਬੁਲਾਇਆ ਹੈ, ਆਪਣੇ ਆਪ ਨੂੰ ਦੀਨ ਕਰਨਗੇ ਅਤੇ ਪ੍ਰਾਰਥਨਾ ਕਰਨਗੇ ਅਤੇ ਮੇਰੇ ਚੇਹਰੇ ਨੂੰ ਭਾਲਣਗੇ ਅਤੇ ਆਪਣੇ ਬੁਰੇ ਮਾਰਗਾਂ ਤੋਂ ਮੇਰੇ ਵੱਲ ਮੁੜਨਗੇ, ਤਾਂ ਮੈਂ ਸਵਰਗ ਤੋਂ ਸੁਣਾਂਗਾ, ਉਨ੍ਹਾਂ ਨੂੰ ਮਾਫ਼ ਕਰਾਂਗਾ ਅਤੇ ਉਨ੍ਹਾਂ ਦੇ ਦੇਸ਼ ਨੂੰ ਚੰਗਾ ਕਰਾਂਗਾ।"

ਜੇਕਰ ਬੱਚੇ, ਬਾਲਗਾਂ ਲਈ ਇਹ ਨਾਟਕ ਪੇਸ਼ ਕਰਦੇ ਹਨ, ਤਾਂ ਉਹ ਇਸ ਅਧਿਐਨ ਦੇ ਪਹਿਲੇ ਪੰਨੇ ਤੇ ਦਿੱਤੇ ਗਏ ਪ੍ਰਸ਼ਨਾਂ ਸੂਚੀ ਵਿੱਚੋਂ ਬਾਲਗਾਂ ਅੱਗੇ ਪ੍ਰਸ਼ਨ ਕਰ ਸਕਦੇ ਹਨ।

**ਚਿੱਤਰ :** ਬੱਚਿਆਂ ਨੂੰ ਵਾਜਾ ਜਾਂ ਕਿਸੇ ਹੋਰ ਸਾਜਦਾ ਦੀ ਚਿੱਤਰ ਬਣਾਉਣ ਦਿਓ, ਇਸ ਗੱਲ ਦੀ ਉਦਾਹਰਣ ਦੇਣ ਲਈ ਕਿ ਅਸੀਂ ਕਿਵੇਂ ਸਾਜਾਂ ਨਾਲ ਪਰਮੇਸ਼ੁਰ ਦੀ ਹਜ਼ੂਰੀ ਨੂੰ ਮਨਾ ਸਕਦੇ ਹਾਂ। ਬੱਚਿਆਂ ਨੂੰ ਇਹ ਚਿੱਤਰ, ਬਾਲਗਾਂ ਨੂੰ ਅਰਾਧਨਾ ਦੌਰਾਨ ਵਿਖਾਉਣ ਦਿਓ ਅਤੇ ਇਸ ਬਾਰੇ ਵਿਆਖਿਆ ਕਰਨ ਦਿਓ।



**ਕਵਿਤਾ:** ਯਸਾਯਾਹ 6:1-4 ਵਿੱਚੋਂ ਤਿੰਨ ਬੱਚਿਆਂ ਨੂੰ ਇਕ ਇਕ ਆਇਤ ਪੜ੍ਹਨ ਦਿਓ:

ਉੱਜ਼ੀਯਾਹ ਪਾਤਸ਼ਾਹ ਦੀ ਮੌਤ ਦੇ ਵਰ੍ਹੇ,
ਮੈਂ ਪ੍ਰਭੂ ਨੂੰ ਉੱਚੇ ਤੇ ਚੁੱਕੇ ਹੋਏ ਸਿੰਘਾਸਣ ਉੱਤੇ ਬਿਰਾਜਮਾਨ ਵੇਖਿਆ,
ਅਤੇ ਉਸ ਦੇ ਬਸਤ੍ਰ ਦੇ ਪੱਲੇ ਨਾਲ ਹੈਕਲ ਭਰੀ ਹੋਈ ਸੀ।

ਉਹ ਦੇ ਉਤਾਹਾਂ ਸਰਾਫ਼ੀਮ ਖਲੋਤੇ ਸਨ, ਹਰ ਇਕ ਦੇ ਛੇ ਛੇ ਖੰਭ ਸਨ,
ਇਕ ਨੇ ਦੂਜੇ ਨੂੰ ਪੁਕਾਰਿਆ ਅਤੇ ਆਖਿਆ:
ਪਵਿੱਤ੍ਰ, ਪਵਿੱਤ੍ਰ, ਪਵਿੱਤ੍ਰ, ਸੈਨਾ ਦਾ ਯਹੋਵਾਹ;

ਸਾਰੀ ਧਰਤੀ ਉਹ ਦੇ ਪਰਤਾਪ ਨਾਲ ਭਰੀ ਹੋਈ ਹੈ।
ਅਤੇ ਪੁਕਾਰਨ ਵਾਲੇ ਦੀ ਆਵਾਜ਼ ਤੋਂ ਸਰਦਲ ਦੀਆਂ ਨੀਹਾਂ ਹਿੱਲ ਗਈਆਂ
ਅਤੇ ਭਵਨ ਧੂੰਏਂ ਨਾਲ ਭਰ ਗਿਆ।

**ਛੋਟੇ ਬੱਚਿਆਂ** ਨੂੰ ਜਬੂਰਾਂ ਦੀ ਪੋਥੀ 87:3 ਅਤੇ **ਵੱਡੇ ਬੱਚਿਆਂ** ਨੂੰ, ਇਬਰਾਨੀਆਂ 1:1,2 **ਯਾਦ ਕਰਨ ਦਿਓ।**

**ਪ੍ਰਾਰਥਨਾ:** "ਪ੍ਰਭੂ, ਤੇਰਾ ਧੰਨਵਾਦ ਕਰਦੇ ਹਾਂ ਕਿ ਤੂੰ ਆਪਣੀ ਹਜ਼ੂਰੀ ਨੂੰ ਸੁਲੇਮਾਨ ਰਾਜਾ ਅਤੇ ਆਪਣੇ ਲੋਕਾਂ ਉੱਤੇ ਪ੍ਰਗਟ ਕੀਤਾ। ਹੁਣ, ਯਿਸੂ ਦੇ ਕਾਰਨ, ਤੂੰ ਸਾਡੇ ਸਭਨਾਂ ਵਿੱਚ ਵਾਸ ਕਰਦਾ ਹੈਂ। ਅਸੀਂ ਖੁਸ਼ ਹਾਂ ਅਤੇ ਤੇਰੀ ਉਸਤਤ ਕਰਦੇ ਹਾਂ।"

Copyright 2004 © by Paul-Timothy. May be freely copied. Download from www.Paul-Timothy.net